| ਪਾਲਸੀ:<br><br>**ਕਮਜ਼ੋਰ ਪੀੜਤ ਅਤੇ ਗਵਾਹ** | | |
|---|---|---|
| ਪਾਲਸੀ ਕੋਡ:<br><br>**VUL 1** | ਲਾਗੂ ਹੋਣ ਦੀ ਤਾਰੀਕ:<br><br>15 ਜਨਵਰੀ, 2021 | ਕਰੌਸ-ਰੈਫਰੈਂਸਿਜ਼:<br><br>ALT 1 BAI 1 CHA 1<br>CHI 1 DIR 1 HAT 1<br>IPV 1 |

ਸਾਰੇ ਪੀੜਤਾਂ ਅਤੇ ਗਵਾਹਾਂ ਨੂੰ, ਕਮਜ਼ੋਰੀਆਂ ਵੱਲ ਧਿਆਨ ਦਿੱਤੇ ਬਿਨਾਂ, ਕ੍ਰਿਮੀਨਲ ਜਸਟਿਸ ਦੀ ਕਾਰਵਾਈ ਵਿਚ ਹਿੱਸਾ ਲੈਣ ਦਾ ਬਰਾਬਰ ਦਾ ਮੌਕਾ ਮਿਲਣਾ ਚਾਹੀਦਾ ਹੈ। ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਇਹ ਮੰਨਦੀ ਹੈ ਕਿ ਕਮਜ਼ੋਰ ਪੀੜਤਾਂ ਅਤੇ ਗਵਾਹਾਂ ਵਾਲੇ ਗੰਭੀਰ ਕੇਸ ਵਿਲੱਖਣ ਅਤੇ ਗੁੰਝਲਦਾਰ ਮਸਲੇ ਪੈਦਾ ਕਰਦੇ ਹਨ ਅਤੇ ਅਜਿਹੇ ਕੇਸਾਂ ਦੀ ਪਛਾਣ ਮੁਕੱਦਮੇ ਦੇ ਮੁਢਲੇ ਪੱਧਰਾਂ 'ਤੇ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਮਸਲਿਆਂ ਦਾ ਹੱਲ ਢੁਕਵੇਂ ਤਰੀਕੇ ਨਾਲ ਕੀਤਾ ਜਾ ਸਕੇ।

ਇਸ ਪਾਲਸੀ ਦੇ ਮੰਤਵਾਂ ਲਈ, "ਗੰਭੀਰ ਕੇਸਾਂ" ਵਿਚ ਉਹ ਕੇਸ ਸ਼ਾਮਲ ਹਨ ਜਿਨ੍ਹਾਂ ਵਿਚ *ਕ੍ਰਿਮੀਨਲ ਕੋਡ* ਦੇ ਸੈਕਸ਼ਨ 752 ਵਿਚ ਤੈਅ ਕੀਤੇ ਗਏ "ਗੰਭੀਰ ਨਿੱਜੀ ਸੱਟਾਂ" ਦੇ ਜੁਰਮ ਸ਼ਾਮਲ ਹਨ ਅਤੇ ਜਿਨ੍ਹਾਂ ਵਿਚ ਨੁਕਸਾਨ ਹੋਣ ਦਾ ਜ਼ਿਆਦਾ ਖਤਰਾ ਹੈ ਭਾਵੇਂ ਇਹ ਸਰੀਰਕ, ਕਾਮੁਕ, ਮਨੋਵਿਗਿਆਨਕ, ਜਾਂ ਸ਼ੋਸ਼ਣ ਦਾ ਖਤਰਾ ਹੋਵੇ।

ਇਸ ਪਾਲਸੀ ਵਿਚ, ਉਨ੍ਹਾਂ ਵਿਅਕਤੀਆਂ ਨੂੰ ਕਮਜ਼ੋਰ ਪੀੜਤ ਅਤੇ ਗਵਾਹ ਸਮਝਿਆ ਜਾਂਦਾ ਹੈ, ਜਿਨ੍ਹਾਂ ਬਾਰੇ ਇਸ ਚੀਜ਼ ਦੀ ਵਾਜਬ ਸੰਭਾਵਨਾ ਹੁੰਦੀ ਹੈ ਕਿ ਉਨ੍ਹਾਂ ਦੀ ਜਸਟਿਸ ਸਿਸਟਮ ਵਿਚ ਅਸਰਦਾਰ ਸ਼ਮੂਲੀਅਤ ਕਾਫੀ ਘਟ ਜਾਵੇਗੀ, ਜਾਂ ਖਤਮ ਹੋ ਜਾਵੇਗੀ ਜੇ ਉਨ੍ਹਾਂ ਦੀਆਂ ਵੱਖਰੀਆਂ ਨਿੱਜੀ ਵਿਸ਼ੇਸ਼ਤਾਵਾਂ ਜਾਂ ਹਾਲਤਾਂ ਲਈ ਪ੍ਰਬੰਧ ਨਾ ਕੀਤੇ ਗਏ ਜਾਂ ਉਨ੍ਹਾਂ ਦੀ ਮਦਦ ਨਾ ਕੀਤੀ ਗਈ।

- ਜ਼ਿਆਦਾ ਉਮਰ
- ਕੈਨੇਡਾ ਵਿਚ ਬਸਤੀਵਾਦ, ਥਾਂ-ਬਦਲੀ ਅਤੇ ਰੈਜ਼ੀਡੈਂਸ਼ਲ ਸਕੂਲਾਂ ਦੇ ਇਤਿਹਾਸ ਦੇ ਜਾਰੀ ਰਹਿਣ ਵਾਲੇ ਅਸਰ, ਜਿਸ ਵਿਚ ਅੰਤਰ-ਪੀੜ੍ਹੀ ਸਦਮਾ ਅਤੇ ਇਸ ਨਾਲ ਸੰਬੰਧਿਤ ਹੋਰ ਸਿਸਟਮਬੱਧ ਪੱਖ ਸ਼ਾਮਲ ਹਨ
- ਨਸਲੀ, ਧਾਰਮਿਕ ਜਾਂ ਸਭਿਆਚਾਰਕ ਪਛਾਣ
- ਫੀਟਲ ਅਲਕੋਹਲ ਸਪੈਕਟ੍ਰਮ ਡਿਸਔਰਡਰ ਜਾਂ ਹੋਰ ਬੁਰੀਆਂ ਦਿਮਾਗੀ ਹਾਲਤਾਂ
- ਮਾਨਸਿਕ ਸਿਹਤ ਦਾ ਕੋਈ ਮਸਲਾ ਜਾਂ ਡਿਸਏਬਿਲਟੀ
- ਸਰੀਰਕ ਸਿਹਤ ਦਾ ਕੋਈ ਮਸਲਾ ਜਾਂ ਡਿਸਏਬਿਲਟੀ
- ਪੀੜਤ ਜਾਂ ਗਵਾਹ ਉੱਪਰ ਕਥਿਤ ਦੋਸ਼ੀ ਦੇ ਕੰਟਰੋਲ ਦੀ ਸਥਿਤੀ

- ਸ਼ੱਕੀ ਕਾਨੂੰਨੀ ਦਰਜਾ (ਜਿਵੇਂ ਇਮੀਗਰੇਸ਼ਨ ਦਾ ਦਰਜਾ ਜਾਂ ਕੀਤੇ ਹੋਏ ਕੋਰਟ ਦੇ ਆਰਡਰ)
- ਕਾਮੁਕ ਰੁਚੀ, ਲਿੰਗ ਪਛਾਣ, ਜਾਂ ਲਿੰਗ ਪ੍ਰਗਟਾਅ
- ਗੱਲਬਾਤ ਕਰਨ ਵਿਚ ਵੱਡੀਆਂ ਰੁਕਾਵਟਾਂ
- ਬੁਰੇ ਵਰਤਾਉ ਦੀ ਕਾਫੀ ਹਿਸਟਰੀ
- ਸੇਫਟੀ ਦੇ ਵੱਡੇ ਫਿਕਰ
- ਸਮਾਜਿਕ ਅਲਹਿਦਗੀ, ਗਰੀਬੀ, ਜਾਂ ਬੇਘਰਪੁਣਾ
- ਨਸ਼ੇ ’ਤੇ ਨਿਰਭਰਤਾ
- ਉਹ ਹਿੰਸਾ, ਸ਼ੋਸ਼ਣ, ਅਤੇ ਵਿਤਕਰਾ ਜਿਹਨਾਂ ਦਾ ਵੇਸਵਾ ਗਮਨੀ ਵਿਚ ਸ਼ਾਮਲ ਵਿਅਕਤੀਆਂ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ

ਉਨ੍ਹਾਂ ਮਾਮਲਿਆਂ ਲਈ ਜਿਨ੍ਹਾਂ ਵਿਚ ਪੀੜਿਤਾਂ ਜਾਂ ਗਵਾਹਾਂ ਵਜੋਂ ਬੱਚੇ ਜਾਂ ਕਮਜ਼ੋਰ ਜਵਾਨ ਸ਼ਾਮਲ ਹਨ, ਕਰਾਊਨ ਕੌਂਸਲ ਨੂੰ *ਚਾਇਲਡ ਵਿਕਟਿਮਜ਼ ਐਂਡ ਵਿਟਨਿਸਜ਼* (CHI 1) ਵੀ ਦੇਖਣਾ ਚਾਹੀਦਾ ਹੈ।

ਜਿਨ੍ਹਾਂ ਮਾਮਲਿਆਂ ਵਿਚ ਜਿਗਰੀ ਸਾਥੀ ਦੀ ਹਿੰਸਾ ਸ਼ਾਮਲ ਹੁੰਦੀ ਹੈ, ਕਰਾਊਨ ਕੌਂਸਲ ਨੂੰ ਇਨਟੀਮੇਟ ਪਾਰਟਨਰ ਵਾਇਲੈਂਸ (IPV 1) ਵੀ ਦੇਖਣਾ ਚਾਹੀਦਾ ਹੈ।

## ਕਾਰਵਾਈ

ਗੰਭੀਰ ਕੇਸਾਂ ਵਿਚ, ਕਮਜ਼ੋਰ ਪੀੜਿਤਾਂ ਅਤੇ ਗਵਾਹਾਂ ਦੀ ਕ੍ਰਿਮੀਨਲ ਜਸਟਿਸ ਦੀ ਕਾਰਵਾਈ ਵਿਚ ਅਸਰਦਾਰ ਸ਼ਮੂਲੀਅਤ ਵਿਚ ਮਦਦ ਕਰਨ ਲਈ ਕਰਾਊਨ ਕੌਂਸਲ ਨੂੰ ਇਹ ਕਰਨਾ ਚਾਹੀਦਾ ਹੈ:

- ਮੁਕੱਦਮੇ ਦੇ ਸ਼ੁਰੂਆਤੀ ਪੜਾਵਾਂ ਤੋਂ ਮੁਕੱਦਮਾ ਖਤਮ ਹੋਣ ਤੱਕ ਕਮਜ਼ੋਰ ਪੀੜਿਤਾਂ ਅਤੇ ਗਵਾਹਾਂ ਨਾਲ ਸਰਗਰਮੀ ਨਾਲ ਸੰਪਰਕ ਬਣਾਉਣ ਅਤੇ ਕਾਇਮ ਰੱਖਣ ਲਈ ਵਾਜਬ ਯਤਨ ਕਰਨੇ ਚਾਹੀਦੇ ਹਨ, ਅਤੇ ਉਨ੍ਹਾਂ ਨੂੰ ਮੁਕੱਦਮੇ ਦੀ ਸਥਿਤੀ ਬਾਰੇ ਸਮੇਂ ਸਿਰ ਜਾਣਕਾਰੀ ਦੇਣੀ ਚਾਹੀਦੀ ਹੈ
- ਜਦੋਂ ਸੰਭਵ ਹੋਵੇ ਕਮਜ਼ੋਰ ਪੀੜਿਤਾਂ ਅਤੇ ਗਵਾਹਾਂ ਨੂੰ ਕ੍ਰਿਮੀਨਲ ਜਸਟਿਸ ਸਿਸਟਮ ਵਿਚ ਉਪਲਬਧ ਮਦਦਾਂ ਦੀ ਜਾਣਕਾਰੀ ਦੇਣ ਲਈ ਪੁਲੀਸ, ਸ਼ੈਰਿਫਾਂ, ਪ੍ਰੋਬੇਸ਼ਨ ਅਫਸਰਾਂ ਜਾਂ ਵਿਕਟਿਮ ਸਰਵਿਸਿਜ਼ ਨਾਲ ਕੰਮ ਕਰਨਾ ਚਾਹੀਦਾ ਹੈ
- ਜੇ ਉਪਲਬਧ ਹੋਣ ਤਾਂ ਸਭਿਆਚਾਰਕ ਜਾਂ ਆਦਿਵਾਸੀ ਸੰਸਥਾਵਾਂ ਨਾਲ ਕੰਮ ਕਰਨਾ ਚਾਹੀਦਾ ਹੈ, ਜਿਸ ਵਿਚ ਉਹ ਸੰਸਥਾਵਾਂ ਵੀ ਸ਼ਾਮਲ ਹਨ ਜਿਨ੍ਹਾਂ ਦੀ ਪਛਾਣ ਪੀੜਿਤ ਜਾਂ ਗਵਾਹ ਵਲੋਂ ਕਮਜ਼ੋਰ ਪੀੜਿਤਾਂ ਦੀ ਮਦਦ ਕਰਨ ਵਾਲੀਆਂ ਸੰਸਥਾਂਵਾਂ ਵਜੋਂ ਕੀਤੀ ਗਈ ਹੈ
- ਇਹ ਪੱਕਾ ਕਰਨਾ ਚਾਹੀਦਾ ਹੈ ਕਿ ਪਬਲੀਕੇਸ਼ਨ ਬੈਨਜ਼, ਗਵਾਹੀ ਦੇਣ ਵਿਚ ਮਦਦ, ਜਾਂ ਹਿਫਾਜ਼ਤੀ ਆਰਡਰਾਂ ਲਈ ਅਦਾਲਤ ਕੋਲ ਢੁਕਵੀਂਆਂ ਅਰਜ਼ੀਆਂ ਦਿੱਤੀਆਂ ਗਈਆਂ ਹਨ
- ਜਦੋਂ ਢੁਕਵਾਂ ਹੋਵੇ, ਕਾਰਵਾਈ ਨੂੰ ਤੇਜ਼ ਕਰਨ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ, ਜਿਸ ਵਿਚ ਨਿਪਟਾਰੇ ਬਾਰੇ ਛੇਤੀ ਗੱਲਬਾਤ ਸ਼ੁਰੂ ਕਰਨਾ ਜਾਂ ਮੁਕੱਦਮੇ ਦੀ ਛੇਤੀ ਤਾਰੀਕ ਲਈ ਬੇਨਤੀਆਂ ਸ਼ਾਮਲ ਹਨ

ਪ੍ਰਬੰਧਕੀ ਕਰਾਊਨ ਕੌਂਸਲ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਇਹ ਕਰਨ ਲਈ ਕਾਰਵਾਈਆਂ ਹੋ ਰਹੀਆਂ ਹਨ:

- ਅਜਿਹੇ ਕੇਸਾਂ ਦੀ ਛੇਤੀ ਪਛਾਣ ਅਤੇ ਅਸਾਇਨ ਕਰਨ ਲਈ
- ਜਦੋਂ ਵੀ ਸੰਭਵ ਹੋਵੇ, ਅਜਿਹਾ ਕਰਾਊਨ ਕੌਂਸਲ ਅਸਾਇਨ ਕੀਤੇ ਜਾਣ ਲਈ ਜਿਸ ਨੇ ਢੁਕਵੀਂ ਖਾਸ ਟਰੇਨਿੰਗ ਲਈ ਹੁੰਦੀ ਹੈ ਅਤੇ ਜਿਹੜਾ ਉਪਲਬਧ ਹੈ ਅਤੇ ਸ਼ੁਰੂ ਤੋਂ ਅੰਤ ਤੱਕ ਓਹੀ ਪ੍ਰਬੰਧਕੀ ਸਟਾਫ ਮੈਂਬਰ ਦੀ ਵਰਤੋਂ ਕਰਦੇ ਹੋਏ ਫਾਇਲ ਨੂੰ ਕਾਇਮ ਰੱਖਣ ਲਈ ਤਿਆਰ ਹੈ
- ਅਸਾਇਨ ਕੀਤੇ ਗਏ ਕਰਾਊਨ ਕੌਂਸਲ ਨੂੰ ਤਿਆਰੀ ਕਰਨ ਦਾ ਢੁਕਵਾਂ ਸਮਾਂ ਦੇਣ ਲਈ ਤਾਂ ਜੋ ਉਹ ਇਨ੍ਹਾਂ ਫਾਇਲਾਂ ਦੀ ਹੋਰ ਜਟਿਲਤਾ ਨੂੰ ਧਿਆਨ ਵਿਚ ਰੱਖ ਸਕੇ

## ਅਗੇਤੀਆਂ ਵਿਚਾਰਾਂ

ਕਰਾਊਨ ਕੌਂਸਲ ਨੂੰ ਪਹਿਲੇ ਮੌਕੇ ’ਤੇ ਹੀ *ਕ੍ਰਿਮੀਨਲ ਕੋਡ* ਦੇ ਸੈਕਸ਼ਨ 486.4 ਜਾਂ 486.5 ਹੇਠ ਅਜਿਹੇ ਆਰਡਰ ਲਈ ਅਪਲਾਈ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਜਿਹੜਾ ਇਹ ਹਿਦਾਇਤ ਕਰਦਾ ਹੋਵੇ ਕਿ ਕਿਸੇ ਪੀੜਿਤ ਜਾਂ ਗਵਾਹ ਦੀ ਪਛਾਣ ਅਤੇ ਕੋਈ ਵੀ ਅਜਿਹੀ ਜਾਣਕਾਰੀ ਜਿਹੜੀ ਪੀੜਿਤ ਜਾਂ ਗਵਾਹ ਦੀ ਪਛਾਣ ਨੂੰ ਜ਼ਾਹਰ ਕਰ ਸਕਦੀ ਹੈ, ਕਿਸੇ ਵੀ ਕਾਗਜ਼-ਪੱਤਰ ਵਿਚ ਨਹੀਂ ਛਪੇਗੀ ਜਾਂ ਕਿਸੇ ਤਰ੍ਹਾਂ ਫੈਲੇਗੀ ਨਹੀਂ।

ਬਹੁਤ ਘੱਟ ਕੇਸਾਂ ਵਿਚ, ਜਦੋਂ ਢੁਕਵਾਂ ਹੋਵੇ, ਕਰਾਊਨ ਕੌਂਸਲ ਨੂੰ *ਕ੍ਰਿਮੀਨਲ ਕੋਡ* ਦੇ ਸੈਕਸ਼ਨ 486.31 ਹੇਠ ਅਜਿਹੇ ਆਰਡਰ ਲਈ ਵੀ ਅਪਲਾਈ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਜਿਹੜਾ ਇਹ ਹਿਦਾਇਤ ਕਰਦਾ ਹੋਵੇ ਕਿ ਕਿਸੇ ਗਵਾਹ ਦੀ ਪਛਾਣ ਕਰ ਸਕਣ ਵਾਲੀ ਕੋਈ ਵੀ ਜਾਣਕਾਰੀ ਕਾਰਵਾਈਆਂ ਦੌਰਾਨ ਜ਼ਾਹਰ ਨਹੀਂ ਕੀਤੀ ਜਾਵੇਗੀ, ਜਾਂ ਕਿਸੇ ਗਵਾਹ ਦੀ ਸਕਿਉਰਟੀ ਦੀ ਰੱਖਿਆ ਲਈ *ਕ੍ਰਿਮੀਨਲ ਕੋਡ* ਦੇ ਸੈਕਸ਼ਨ 486.7 ਹੇਠ ਆਰਡਰ ਲੈਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਅਜਿਹੀ ਅਰਜ਼ੀ ਕਰਨ ਤੋਂ ਪਹਿਲਾਂ, ਕਰਾਊਨ ਕੌਂਸਲ ਨੂੰ ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ ਜਾਂ ਉਸ ਦੇ ਸੰਬੰਧਿਤ ਡਿਪਟੀ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

ਜਦੋਂ ਕਮਜ਼ੋਰ ਪੀੜਿਤ ਜਾਂ ਗਵਾਹ ਨੂੰ ਮਾਨਸਿਕ ਜਾਂ ਸਰੀਰਕ ਡਿਸਏਬਿਲਟੀ ਕਰਕੇ ਆਪਣੀ ਗਵਾਹੀ ਦੇਣ ਵਿਚ ਮੁਸ਼ਕਲ ਆ ਰਹੀ ਹੋਵੇ, ਉੱਥੇ ਕਰਾਊਨ ਕੌਂਸਲ ਨੂੰ ਮੁਕੱਦਮੇ ਦੇ ਸ਼ੁਰੂਆਤੀ ਪੱਧਰਾਂ ’ਤੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕੀ ਵੀਡਿਓ ਟੇਪ ਰਾਹੀਂ ਗਵਾਹੀ ਦੇਣੀ ਢੁਕਵੀਂ ਹੈ ਜਾਂ ਨਹੀਂ, ਜਿਵੇਂ ਕਿ *ਕ੍ਰਿਮੀਨਲ ਕੋਡ* ਦੇ ਸੈਕਸ਼ਨ 715.2 ਵਿਚ ਦੱਸਿਆ ਗਿਆ ਹੈ, ਅਤੇ ਜੇ ਜ਼ਰੂਰੀ ਹੋਵੇ ਤਾਂ ਵੀਡਿਓ ’ਤੇ ਬਿਆਨ ਲੈਣ ਲਈ ਪੁਲੀਸ ਨੂੰ ਕਹਿਣਾ ਚਾਹੀਦਾ ਹੈ। ਇਸ ਸੈਕਸ਼ਨ ਹੇਠ, ਕਮਜ਼ੋਰ ਪੀੜਿਤ ਜਾਂ ਗਵਾਹ ਦਾ ਵੀਡਿਓ ਟੇਪ ’ਤੇ ਰਿਕਾਰਡ ਕੀਤਾ ਹੋਇਆ ਬਿਆਨ ਗਵਾਹੀ ਵਜੋਂ ਦਾਖਲ ਕੀਤਾ ਜਾ ਸਕਦਾ ਹੈ ਜਦੋਂ ਪੀੜਿਤ ਜਾਂ ਗਵਾਹ, ਗਵਾਹੀ ਦਿੰਦੇ ਹਨ ਅਤੇ ਵੀਡਿਓ ਰਿਕਾਰਡਿੰਗ ਦੀ ਸਾਮੱਗਰੀ ਨੂੰ ਅਪਣਾਉਂਦੇ ਹਨ।

ਜਦੋਂ ਕਮਜ਼ੋਰ ਪੀੜਿਤ ਜੁਰਮ ਦੇ ਸਮੇਂ ਬੱਚਾ ਜਾਂ ਜਵਾਨ ਸੀ, ਕਰਾਊਨ ਕੌਂਸਲ ਨੂੰ ਇਹ ਵਿਚਾਰ ਕਰਨੀ ਚਾਹੀਦੀ ਹੈ ਕਿ ਕੀ ਵੀਡਿਓ ਰਿਕਾਰਡਿੰਗ ਰਾਹੀਂ ਗਵਾਹੀ ਦੇਣੀ ਠੀਕ ਹੈ ਜਾਂ ਨਹੀਂ, ਜਿਵੇਂ ਕਿ ਸੈਕਸ਼ਨ 715.1 (CHI 1) ਵਿਚ ਦੱਸਿਆ ਗਿਆ ਹੈ।

ਜਦੋਂ ਕੋਈ ਅਮਲੀ ਜਾਂ ਪੜਤਾਲੀਆ ਰੁਕਾਵਟ ਪੈਦਾ ਹੋ ਜਾਂਦੀ ਹੈ ਜਿਹੜੀ ਮੁਕੱਦਮੇ ’ਤੇ ਬੁਰਾ ਅਸਰ ਪਾ ਸਕਦੀ ਹੈ ਉੱਥੇ ਕਰਾਊਨ ਕੌਂਸਲ ਨੂੰ ਅਜਿਹੀਆਂ ਰੁਕਾਵਟਾਂ ਦਾ ਸਮੇਂ ਸਿਰ ਹੱਲ ਕਰਨ ਲਈ ਪੁਲੀਸ ਅਤੇ ਵਿਕਟਿਮ ਸਰਵਿਸਿਜ਼ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਜੇ ਜ਼ਰੂਰੀ ਹੋਵੇ ਤਾਂ ਪੁਲੀਸ ਦੀ ਉਪਰਲੀ ਮੈਨੇਜਮੈਂਟ ਅਤੇ ਪ੍ਰਬੰਧਕੀ ਕਰਾਊਨ ਕੌਂਸਲ ਨਾਲ ਕੰਮ ਕਰਨਾ ਚਾਹੀਦਾ ਹੈ। ਇਨ੍ਹਾਂ ਵਿਚ ਇਨ੍ਹਾਂ ਕਾਰਨਾਂ ’ਤੇ ਆਧਾਰਿਤ ਪੈਦਾ ਹੋਈਆਂ ਰੁਕਾਵਟਾਂ ਸਕਦੀਆਂ ਹਨ:

- ਕਮਜ਼ੋਰ ਪੀੜਿਤ ਜਾਂ ਗਵਾਹ ਦੀ ਝਿਜਕ ਜਾਂ ਰੋਸਾ
- ਕਮਜ਼ੋਰ ਪੀੜਿਤ ਜਾਂ ਗਵਾਹ ਨੂੰ ਲੱਭਣ ਵਿਚ ਜਾਂ ਉਸ ਦੇ ਸੰਪਰਕ ਵਿਚ ਰਹਿਣ ਵਿਚ ਮੁਸ਼ਕਲ
- ਕੋਰਟਹਾਊਸ ਜਾਂ ਕਰਾਊਨ ਕੌਂਸਲ ਦੇ ਦਫਤਰ ਨੂੰ ਆਉਣ ਲਈ ਪੀੜਿਤ ਜਾਂ ਗਵਾਹ ਦੀ ਸਾਧਨ ਲੱਭਣ ਦੀ ਅਸਮੱਰਥਾ
- ਫਾਈਲਾਂ ਵਿਚਲੀ ਸਾਮੱਗਰੀ ਨੂੰ ਅਨੁਵਾਦ ਕਰਨ ਦੀ ਲੋੜ

- ਲੋੜੀਂਦੇ ਸਬੂਤ ਲੈਣ ਵਿਚ ਦੇਰੀ

ਜਦੋਂ ਕਰਾਊਨ ਕੌਂਸਲ ਇਹ ਫੈਸਲਾ ਕਰਦਾ ਹੈ ਕਿ ਕਮਜ਼ੋਰ ਪੀੜਿਤ ਜਾਂ ਗਵਾਹ ਦੇ ਸਮਾਜਿਕ ਮਦਦ ਜਾਂ ਸਿਹਤ ਦੇ ਮਸਲੇ ਹਨ ਜਿਹੜੇ ਕ੍ਰਿਮੀਨਲ ਜਸਟਿਸ ਸਿਸਟਮ ਵਿਚ ਉਸ ਦੀ ਸ਼ਮੂਲੀਅਤ ਕਰਨ ਦੀ ਸਮਰੱਥਾ 'ਤੇ ਬੁਰਾ ਅਸਰ ਪਾ ਸਕਦੇ ਹਨ, ਉੱਥੇ ਕਰਾਊਨ ਕੌਂਸਲ ਨੂੰ ਇਹ ਪਤਾ ਲਾਉਣ ਲਈ ਪੁਲੀਸ ਅਤੇ ਵਿਕਟਿਮ ਸਰਵਿਸਿਜ਼ ਨੂੰ ਪੁੱਛਣਾ ਚਾਹੀਦਾ ਹੈ ਕਿ ਕੀ ਅਜਿਹੀਆਂ ਸਮਾਜਿਕ ਮਦਦਾਂ ਜਾਂ ਸੇਵਾਵਾਂ ਹਨ ਜਿਹੜੀਆਂ ਮਸਲੇ ਦਾ ਹੱਲ ਕਰ ਸਕਦੀਆਂ ਹਨ।

ਜਿਨ੍ਹਾਂ ਕੇਸਾਂ ਵਿਚ ਕਿਸੇ ਕਮਜ਼ੋਰ ਪੀੜਿਤ ਜਾਂ ਗਵਾਹ ਨੂੰ ਮਾਨਸਿਕ ਜਾਂ ਸਰੀਰਕ ਤੌਰ 'ਤੇ ਕਾਫੀ ਨੁਕਸਾਨ ਹੋਣ ਦਾ ਖਤਰਾ ਹੋਵੇ, ਅਤੇ ਇਹ ਯਕੀਨ ਕਰਨ ਦਾ ਵਾਜਬ ਕਾਰਨ ਹੋਵੇ ਕਿ ਜੇ ਉਨ੍ਹਾਂ ਤੋਂ ਕਈ ਅਦਾਲਤੀ ਕਾਰਵਾਈਆਂ ਵਿਚ ਹਿੱਸਾ ਲੈਣ ਦੀ ਮੰਗ ਕੀਤੀ ਗਈ ਤਾਂ ਉਨ੍ਹਾਂ 'ਤੇ ਬੁਰਾ ਅਸਰ ਪਵੇਗਾ ਤਾਂ ਕਰਾਊਨ ਕੌਂਸਲ ਨੂੰ *ਡਾਇਰੈਕਟ ਇਨਡਾਈਟਮੈਂਟ* (DIR 1) ਦੀ ਪਾਲਸੀ ਲਾਗੂ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

## ਚਾਰਜ ਅਸੈੱਸਮੈਂਟ

ਕਰਾਊਨ ਕੌਂਸਲ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਚਾਰਜ ਅਸੈੱਸਮੈਂਟ (ਚਾਰਜ ਲਾਉਣ ਬਾਰੇ ਵਿਚਾਰ) ਦੇ ਫੈਸਲੇ ਕਰਨ ਵਿਚ ਦੇਰੀ ਕਮਜ਼ੋਰ ਪੀੜਿਤਾਂ ਜਾਂ ਗਵਾਹਾਂ ਦੇ ਜਜ਼ਬਾਤੀ ਸਟਰੈੱਸ ਨੂੰ ਖਾਸ ਤੌਰ 'ਤੇ ਵਧਾ ਸਕਦੀ ਹੈ ਅਤੇ ਕ੍ਰਿਮੀਨਲ ਜਸਟਿਸ ਦੀ ਕਾਰਵਾਈ ਵਿਚ ਅਸਰਦਾਰ ਢੰਗ ਨਾਲ ਸ਼ਾਮਲ ਹੋਣ ਦੇ ਉਨ੍ਹਾਂ ਦੇ ਇਰਾਦੇ ਜਾਂ ਸਮਰੱਥਾ ਨੂੰ ਕਮਜ਼ੋਰ ਕਰ ਸਕਦੀ ਹੈ। ਕਰਾਊਨ ਕੌਂਸਲ ਨੂੰ ਚਾਰਜ ਅਸੈੱਸਮੈਂਟ ਦੇ ਫੈਸਲੇ ਜਿੰਨਾ ਵੀ ਸੰਭਵ ਹੋਵੇ ਤੇਜ਼ੀ ਨਾਲ ਕਰਨੇ ਚਾਹੀਦੇ ਹਨ।

ਕਿਸੇ ਆਦਿਵਾਸੀ ਪੀੜਿਤ ਨਾਲ ਸੰਬੰਧਿਤ ਰਿਪੋਰਟ ਟੂ ਕਰਾਊਨ ਕੌਂਸਲ ਦੀ ਅਸੈੱਸਮੈਂਟ ਕਰਨ ਵੇਲੇ, ਕਰਾਊਨ ਕੌਂਸਲ ਨੂੰ ਇਹ ਗੱਲ ਮਨ ਵਿਚ ਰੱਖਣੀ ਚਾਹੀਦੀ ਹੈ ਕਿ ਹਿੰਸਕ ਜੁਰਮਾਂ ਦੇ ਪੀੜਿਤਾਂ ਵਜੋਂ ਆਦਿਵਾਸੀ ਔਰਤਾਂ ਅਤੇ ਕੁੜੀਆਂ ਦੀ ਜ਼ਿਆਦਾ ਨੁਮਾਇੰਦਗੀ ਹੈ, ਜੋ ਕਿ ਜਨਤਕ ਹਿੱਤ ਦਾ ਇਕ ਪੱਖ ਹੈ ਜਿਹੜਾ ਮੁਕੱਦਮਾ ਚਲਾਏ ਜਾਣ ਦੇ ਹੱਕ ਵਿਚ ਜਾਂਦਾ ਹੈ।

ਇਹ ਫੈਸਲਾ ਕਰਨ ਵੇਲੇ ਕਿ ਕੀ ਬਦਲਵੇਂ ਉਪਾਵਾਂ ਲਈ ਭੇਜਣਾ ਢੁਕਵਾਂ ਹੋ ਸਕਦਾ ਹੈ ਜਾਂ ਨਹੀਂ, ਕਰਾਊਨ ਕੌਂਸਲ ਨੂੰ ਕਮਜ਼ੋਰ ਪੀੜਿਤਾਂ ਜਾਂ ਗਵਾਹਾਂ ਦੀ ਸੇਫਟੀ ਲਈ ਜਾਰੀ ਰਹਿਣ ਵਾਲੀ ਲੋੜ ਨੂੰ ਵਿਚਾਰਨਾ ਚਾਹੀਦਾ ਹੈ। ਕਰਾਊਨ ਕੌਂਸਲ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਕਮਜ਼ੋਰ ਪੀੜਿਤਾਂ ਨੂੰ ਇਹ ਦੱਸਿਆ ਗਿਆ ਹੈ ਕਿ ਉਨ੍ਹਾਂ ਨੂੰ ਬਦਲਵੇਂ ਉਪਾਵਾਂ ਦੀ ਕਿਸੇ ਵੀ ਪਲੈਨ ਵਿਚ ਹਿੱਸਾ ਲੈਣ ਤੋਂ ਨਾਂਹ ਕਰਨ ਦਾ ਹੱਕ ਹੈ, ਜਿਸ ਵਿਚ ਆਦਿਵਾਸੀ ਹੀਲਿੰਗ ਸਰਕਲਜ਼ ਵੀ ਸ਼ਾਮਲ ਹਨ। ਇਸ ਪਾਲਸੀ ਹੇਠ ਕਵਰ ਕਿਸੇ ਵੀ ਕੇਸ ਦੀ ਰੈਫਰਲ ਨੂੰ ਪਹਿਲਾਂ ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ, ਜਾਂ ਉਸ ਦੇ ਸੰਬੰਧਿਤ ਡਿਪਟੀ ਵਲੋਂ ਪ੍ਰਵਾਨ ਕੀਤਾ ਜਾਣਾ ਜ਼ਰੂਰੀ ਹੈ (*ਅਲਟਰਨੇਟਿਵਜ਼ ਟੂ ਪ੍ਰੌਸੀਕਿਊਸ਼ਨਜ਼ – ਅਡੱਲਟਸ* (ALT 1))

ਜੇ ਕਰਾਊਨ ਕੌਂਸਲ ਕਥਿਤ ਦੋਸ਼ੀ ਨੂੰ ਚਾਰਜ ਨਾ ਕਰਨ ਦਾ ਫੈਸਲਾ ਕਰਦਾ ਹੈ ਤਾਂ ਉਸ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਸ਼ਰਤਾਂ 'ਤੇ ਜ਼ਮਾਨਤ (ਪ੍ਰੀਵੈਨਟੇਟਿਵ ਰੀਕੌਗਨੀਜੈਂਸ) ਢੁਕਵਾਂ ਹੈ। *(ਰੀਕੌਗਨੀਜੈਂਸਜ਼ ਐਂਡ ਪੀਸ ਬੌਂਡਜ਼)* (REC 1).

## ਜ਼ਮਾਨਤ

ਕਮਜ਼ੋਰ ਪੀੜਿਤ ਜਾਂ ਗਵਾਹ ਦੀ ਰੱਖਿਆ ਕਰਨ ਲਈ ਜਦੋਂ ਵੀ ਜ਼ਰੂਰੀ ਹੋਵੇ, ਹਿਰਾਸਤ ਦਾ ਆਰਡਰ ਜਾਂ ਰਿਹਾਈ ਦੀਆਂ ਸ਼ਰਤਾਂ ਦੀ ਮੰਗ ਕਰਕੇ ਵਾਰੰਟ ਮੰਗੇ ਜਾਣੇ ਚਾਹੀਦੇ ਹਨ, *ਬੇਲ – ਅਡੱਲਟਸ* (BAI 1) ਮੁਤਾਬਕ। ਜਦੋਂ ਇਸ ਗੱਲ ਦੀ ਸੰਭਾਵਨਾ ਹੋਵੇ ਕਿ ਕਥਿਤ ਦੋਸ਼ੀ ਨੂੰ ਰਿਹਾ ਕੀਤਾ ਜਾਵੇਗਾ, ਕਰਾਊਨ ਕੌਂਸਲ ਨੂੰ ਉਨ੍ਹਾਂ ਸ਼ਰਤਾਂ 'ਤੇ ਵਿਚਾਰ ਕਰਨੀ ਚਾਹੀਦੀ ਹੈ ਜਿਹੜੀਆਂ ਕਮਜ਼ੋਰ ਪੀੜਿਤ ਜਾਂ ਗਵਾਹ ਦੀ ਸੇਫਟੀ ਦੀ ਪਲੈਨਿੰਗ ਵਿਚ ਮਦਦ ਕਰਨਗੀਆਂ। ਅਜਿਹੀਆਂ ਸ਼ਰਤਾਂ ਤਿਆਰ ਕਰਨ ਲਈ ਕਰਾਊਨ ਕੌਂਸਲ ਨੂੰ ਪੁਲੀਸ, ਵਿਕਟਿਮ ਸਰਵਿਸਿਜ਼, ਕੋਰੈਕਸ਼ਨਜ਼, ਜਾਂ ਪ੍ਰੋਬੇਸ਼ਨ ਦੇ ਸਟਾਫ, ਜਾਂ ਲੋਕਲ ਆਦਿਵਾਸੀ ਜਾਂ ਜਸਟਿਸ ਦੀਆਂ ਹੋਰ ਸੰਸਥਾਵਾਂ ਅਤੇ ਜਦੋਂ ਲਾਗੂ ਹੁੰਦਾ ਹੋਵੇ ਉੱਥੇ ਆਦਿਵਾਸੀ ਜਾਂ ਬੱਚਿਆਂ ਦੀ ਭਲਾਈ (ਚਾਇਲਡ ਵੈਲਫੇਅਰ) ਨਾਲ ਸੰਬੰਧਿਤ ਹੋਰ ਏਜੰਸੀਆਂ ਨਾਲ ਸਲਾਹ ਕਰਨ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਜਦੋਂ ਕਥਿਤ ਦੋਸ਼ੀ ਜੇਲ੍ਹ ਵਿਚ ਹੋਵੇ, ਕਰਾਊਨ ਕੌਂਸਲ ਨੂੰ *ਕ੍ਰਿਮੀਨਲ ਕੋਡ* ਦੇ ਸੈਕਸ਼ਨ 515(12) ਜਾਂ 516(2) ਅਨੁਸਾਰ ਪੀੜਿਤ, ਗਵਾਹ, ਜਾਂ ਹੋਰ ਢੁਕਵੇਂ ਵਿਅਕਤੀ ਦੇ ਸੰਬੰਧ ਵਿਚ

"ਕੋਈ ਸੰਪਰਕ ਨਹੀਂ" ਦਾ ਆਰਡਰ ਮੰਗਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

## ਝਿਜਕਦੇ ਗਵਾਹ

ਕਰਾਊਨ ਕੌਂਸਲ ਨੂੰ ਇਹ ਜਾਣਨਾ ਚਾਹੀਦਾ ਹੈ ਕਿ ਕਮਜ਼ੋਰ ਪੀੜਿਤ ਅਤੇ ਗਵਾਹ ਕ੍ਰਿਮੀਨਲ ਜਸਟਿਸ ਦੀ ਕਾਰਵਾਈ ਵਿਚ ਹਿੱਸਾ ਲੈਣ ਤੋਂ ਝਿਜਕ ਸਕਦੇ ਹਨ। ਉਹ ਆਪਣੀ ਗਵਾਹੀ ਨੂੰ ਘਟਾ ਸਕਦੇ ਹਨ ਜਾਂ ਆਪਣੀ ਗਵਾਹੀ ਵਾਪਸ ਲੈਣਾ ਚਾਹ ਸਕਦੇ ਹਨ। ਸਹਿਯੋਗ ਦੇਣ ਦੀ ਉਨ੍ਹਾਂ ਦੀ ਇੱਛਾ 'ਤੇ ਕਈ ਪੱਖ ਅਸਰ ਪਾ ਸਕਦੇ ਹਨ, ਜਿਸ ਵਿਚ ਬੀਤੇ ਸਮੇਂ ਦੌਰਾਨ ਜਸਟਿਸ ਸਿਸਟਮ ਨਾਲ ਨਾਂਹਪੱਖੀ ਸੰਬੰਧ ਵੀ ਸ਼ਾਮਲ ਹਨ। ਕਰਾਊਨ ਕੌਂਸਲ ਨੂੰ ਗਵਾਹੀ ਦੇਣ ਦੀ ਉਨ੍ਹਾਂ ਦੀ ਝਿਜਕ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਮਸਲਿਆਂ ਦਾ ਹੱਲ ਕਰਨ ਲਈ ਜੁਗਤਾਂ ਬਣਾਉਣੀਆਂ ਚਾਹੀਦੀਆਂ ਹਨ। ਕਰਾਊਨ ਕੌਂਸਲ ਨੂੰ ਇਹ ਗੱਲ ਮਨ ਵਿਚ ਰੱਖਣੀ ਚਾਹੀਦੀ ਹੈ ਕਿ ਕਮਜ਼ੋਰ ਪੀੜਿਤਾਂ ਅਤੇ ਗਵਾਹਾਂ 'ਤੇ ਖਾਸ ਕਰਕੇ ਪਰੈਸ਼ਰ ਪੈ ਰਿਹਾ ਹੋ ਸਕਦਾ ਹੈ, ਉਨ੍ਹਾਂ ਨੂੰ ਧਮਕੀਆਂ ਮਿਲ ਰਹੀਆਂ ਹੋ ਸਕਦੀਆਂ ਹਨ ਅਤੇ ਹੋਰ ਦਖਲਅੰਦਾਜ਼ੀ ਹੁੰਦੀ ਹੋ ਸਕਦੀ ਹੈ। ਜੇ ਕਿਸੇ ਗਵਾਹ ਨੂੰ ਧਮਕੀਆਂ ਮਿਲਦੀਆਂ ਹੋਣ ਜਾਂ ਹੋਰ ਦਖਲਅੰਦਾਜ਼ੀ ਹੋ ਰਹੀ ਹੋਵੇ ਤਾਂ ਕਰਾਊਨ ਕੌਂਸਲ ਨੂੰ ਮਾਮਲਾ ਪੜਤਾਲ ਲਈ ਪੁਲੀਸ ਕੋਲ ਭੇਜਣਾ ਚਾਹੀਦਾ ਹੈ।

ਉਪਰ ਲਿਖੇ ਦੀ ਰੌਸ਼ਨੀ ਵਿਚ, ਕਰਾਊਨ ਕੌਂਸਲ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਇਹ ਜ਼ਰੂਰੀ ਅਤੇ ਢੁਕਵਾਂ ਹੈ ਕਿ ਕਮਜ਼ੋਰ ਪੀੜਿਤ ਜਾਂ ਗਵਾਹ ਨੂੰ ਗਵਾਹੀ ਦੇਣ ਲਈ ਮਜ਼ਬੂਰ ਕਰਨ ਲਈ ਨਿੱਜੀ ਤੌਰ 'ਤੇ ਸਫੀਨਾ ਦਿੱਤਾ ਜਾਵੇ। ਪਰ, ਅਜਿਹੇ ਕੇਸਾਂ ਵਿਚ ਮਾਟੀਰੀਅਲ ਵਿਟਨੈੱਸ ਵਾਰੰਟ ਲਈ ਅਪਲਾਈ ਕਰਨ ਤੋਂ ਪਹਿਲਾਂ, ਕਰਾਊਨ ਕੌਂਸਲ ਨੂੰ ਆਪਣੇ ਪ੍ਰਬੰਧਕੀ ਕਰਾਊਨ ਕੌਂਸਲ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਅਤੇ ਪੀੜਿਤ ਜਾਂ ਗਵਾਹ ਨੂੰ ਕ੍ਰਿਮੀਨਲ ਜਸਟਿਸ ਸਿਸਟਮ ਤੋਂ ਹੋਰ ਦੂਰ ਕਰਨ ਦੇ ਖਤਰੇ, ਜਾਂ ਉਨ੍ਹਾਂ 'ਤੇ ਨਿਰਭਰਾਂ ਉੱਪਰ ਬੁਰਾ ਅਸਰ ਪੈਣ 'ਤੇ ਵਿਚਾਰ ਕਰਨਾ ਚਾਹੀਦਾ ਹੈ, ਅਤੇ ਆਦਿਵਾਸੀ ਔਰਤਾਂ ਅਤੇ ਕੁੜੀਆਂ ਦੇ ਹਾਲਾਤਾਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ।

ਇਸ ਦੇ ਇਲਾਵਾ, ਕਰਾਊਨ ਕੌਂਸਲ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਚਾਰਜ ਅਸੈੱਸਮੈਂਟ ਦੇ ਮਿਆਰ (CHA 1) ਗਵਾਹ ਦੀ ਗਵਾਹੀ ਬਿਨਾਂ ਹੀ ਹੋਰ ਉਪਲਬਧ ਸਬੂਤਾਂ ਨਾਲ ਪੂਰੇ ਹੋ ਸਕਦੇ ਹਨ ਕਿ ਨਹੀਂ।

## ਸੁਣਵਾਈ ਲਈ ਤਿਆਰੀ

ਜਦੋਂ ਸੰਭਵ ਹੋਵੇ, ਕਰਾਊਨ ਕੌਂਸਲ ਨੂੰ ਗਵਾਹ ਨੂੰ ਉਨ੍ਹਾਂ ਮਦਦਾਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ ਜਿਹੜੀਆਂ *ਕ੍ਰਿਮੀਨਲ ਕੋਡ* ਦੇ ਸੈਕਸ਼ਨਾਂ 486 ਤੋਂ 486.31 ਤੱਕ ਅਤੇ 486.7 ਹੇਠ ਮਿਲ ਸਕਦੀਆਂ ਹਨ। ਜਦੋਂ ਢੁਕਵਾਂ ਹੋਵੇ, ਕਰਾਊਨ ਕੌਂਸਲ ਨੂੰ ਸਾਰੇ ਢੁਕਵੇਂ ਪੱਖਾਂ ਨੂੰ ਧਿਆਨ ਵਿਚ ਰੱਖਦੇ ਹੋਏ ਆਰਡਰ ਲਈ ਅਰਜ਼ੀ ਕਰਨੀ ਚਾਹੀਦੀ ਹੈ, ਜਿਸ ਵਿਚ ਇਹ ਵੀ ਸ਼ਾਮਲ ਹੈ ਕਿ ਕੀ ਗਵਾਹ ਨੇ ਕਿਸੇ ਮਦਦ ਲਈ ਬੇਨਤੀ ਕੀਤੀ ਹੈ।

ਖਾਸ ਹਾਲਤਾਂ ਵਿਚ, ਅਦਾਲਤ ਆਰਡਰ ਕਰ ਸਕਦੀ ਹੈ:

- ਲੋਕਾਂ ਨੂੰ ਬਾਹਰ ਰੱਖਣ ਲਈ ਜਾਂ ਇਸ ਚੀਜ਼ ਲਈ ਕਿ ਗਵਾਹ ਨੂੰ ਲੋਕਾਂ ਦੀ ਨਿਗ੍ਹਾ ਤੋਂ ਬਾਹਰ ਰੱਖਿਆ ਜਾਵੇ (ਸੈਕਸ਼ਨ 486(1))
- ਮਦਦ ਕਰਨ ਵਾਲੇ ਵਿਅਕਤੀ ਲਈ ਜਾਂ ਉਪਲਬਧ ਹੋਣ 'ਤੇ ਕੋਰਟਰੂਮ ਡੌਗ ਦਾ (ਸੈਕਸ਼ਨ 486.1 ਅਤੇ 486.7)
- ਗਵਾਹ ਵਲੋਂ ਗਵਾਹੀ ਕਿਸੇ ਵੱਖਰੇ ਕਮਰੇ ਵਿੱਚੋਂ ਜਾਂ ਪਰਦੇ ਦੇ ਪਿੱਛੋਂ ਜਾਂ ਕਿਸੇ ਹੋਰ ਯੰਤਰ ਨਾਲ ਦੇਣ ਲਈ (ਸੈਕਸ਼ਨ 486.2)
- ਨਿਯੁਕਤ ਵਕੀਲ ਵਲੋਂ ਸਵਾਲ ਪੁੱਛੇ ਜਾਣ ਲਈ (ਜੇ ਕਥਿਤ ਦੋਸ਼ੀ ਦੀ ਨੁਮਾਇੰਦਗੀ ਨਹੀਂ ਹੋ ਰਹੀ) (ਸੈਕਸ਼ਨ 486.3)
- ਗਵਾਹ ਦੀ ਪਛਾਣ ਨਾ ਦੱਸੇ ਜਾਣ ਲਈ (ਸੈਕਸ਼ਨ 486.31)

- ਇਹ ਕਿ ਅਦਾਲਤ ਇਹ ਫੈਸਲਾ ਕਰਦੀ ਹੈ ਕਿ ਗਵਾਹ ਦੀ ਸਕਿਉਰਟੀ ਜ਼ਰੂਰੀ ਹੈ ਅਤੇ ਇਹ ਕਿ ਓਦਾਂ ਵੀ ਸਹੀ ਨਿਆਂ ਕਰਨ ਦੇ ਹਿੱਤ ਵਿਚ ਹੈ (ਸੈਕਸ਼ਨ 486.7)

*ਕੈਨੇਡੀਅਨ ਵਿਕਟਿਮਜ਼ ਬਿਲ ਔਫ ਰਾਈਟਸ* ਦੇ ਸੈਕਸ਼ਨ 13 ਅਤੇ 19 ਇਹ ਕਹਿੰਦੇ ਹਨ ਕਿ ਜੁਰਮ ਨਾਲ ਸੰਬੰਧਿਤ ਕਾਰਵਾਈਆਂ ਵਿਚ ਗਵਾਹ ਵਜੋਂ ਪੇਸ਼ ਹੋਣ ਵੇਲੇ ਹਰ ਪੀੜਿਤ ਨੂੰ ਕਾਨੂੰਨ ਵਲੋਂ ਪ੍ਰਦਾਨ ਕੀਤੇ ਗਏ ਤਰੀਕਿਆਂ ਰਾਹੀਂ ਗਵਾਹੀ ਦੇਣ ਵਿਚ ਮਦਦ ਲਈ ਬੇਨਤੀ ਕਰਨ ਦਾ ਹੱਕ ਹੈ।

## ਸਮਰਥਨ ਕਰਨ ਵਾਲਾ ਸਬੂਤ

ਕਰਾਊਨ ਕੌਂਸਲ ਨੂੰ ਇਹ ਪੱਕਾ ਕਰਨ ਲਈ ਵਾਜਬ ਯਤਨ ਕਰਨੇ ਚਾਹੀਦੇ ਹਨ ਕਿ ਸਮਰਥਨ ਕਰਨ ਵਾਲੇ ਸਾਰੇ ਜ਼ਰੂਰੀ ਸਬੂਤ ਮੁਕੱਦਮੇ ਵਿਚ ਪੇਸ਼ ਕੀਤੇ ਗਏ ਹਨ।

## ਸਜ਼ਾ

ਪੀੜਿਤਾਂ ਨੂੰ *ਕ੍ਰਿਮੀਨਲ ਕੋਡ* ਦੇ ਸੈਕਸ਼ਨ 722, *ਵਿਕਟਿਮਜ਼ ਔਫ ਕਰਾਇਮ ਐਕਟ* ਦੇ ਸੈਕਸ਼ਨ 4 ਅਤੇ *ਕੈਨੇਡੀਅਨ ਵਿਕਟਿਮਜ਼ ਬਿਲ ਔਫ ਰਾਈਟਸ* ਦੇ ਸੈਕਸ਼ਨ 15 ਅਤੇ 19 ਅਨੁਸਾਰ ਪੀੜਿਤ 'ਤੇ ਅਸਰ ਦਾ ਬਿਆਨ ਅਤੇ ਜਾਣਕਾਰੀ ਦੇਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

ਕਰਾਊਨ ਕੌਂਸਲ ਨੂੰ ਇਸ ਤੋਂ ਵੀ ਜਾਣੂ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਕੇਸਾਂ ਵਿਚ ਜਿੱਥੇ ਕਿਸੇ ਅਜਿਹੇ ਵਿਅਕਤੀ ਨਾਲ ਬੁਰਾ ਵਰਤਾਉ ਸ਼ਾਮਲ ਹੁੰਦਾ ਹੈ ਜਿਹੜਾ ਆਦਿਵਾਸੀ ਅਤੇ ਔਰਤ ਹੋਣ ਸਮੇਤ, ਆਪਣੇ ਨਿੱਜੀ ਹਾਲਾਤਾਂ ਕਰਕੇ ਕਮਜ਼ੋਰ ਹੈ, *ਕ੍ਰਿਮੀਨਲ ਕੋਡ* ਦੇ ਸੈਕਸ਼ਨ 718.04 ਮੁਤਾਬਕ ਅਦਾਲਤ ਉਸ ਵਤੀਰੇ ਦੀ ਨਿੰਦਿਆ ਅਤੇ ਵਤੀਰੇ ਨੂੰ ਰੋਕਣ ਦੇ ਉਦੇਸ਼ਾਂ 'ਤੇ ਮੁਢਲੀ ਵਿਚਾਰ ਕਰੇਗੀ ਜਿਹੜਾ ਵਤੀਰਾ ਜੁਰਮ ਦਾ ਆਧਾਰ ਬਣਦਾ ਹੈ।

ਜੁਰਮ ਨੂੰ ਗੰਭੀਰ ਬਣਾਉਣ ਵਾਲੇ ਕੋਈ ਵੀ ਪੱਖ, ਸਮੇਤ ਉਨ੍ਹਾਂ ਦੇ ਜਿਹੜੇ *ਕ੍ਰਿਮੀਨਲ ਕੋਡ* ਦੇ ਸੈਕਸ਼ਨ 718.2 ਵਿਚ ਸ਼ੁਮਾਰ ਕੀਤੇ ਗਏ ਹਨ, ਅਦਾਲਤ ਦੇ ਧਿਆਨ ਵਿਚ ਲਿਆਂਦੇ ਜਾਣੇ ਚਾਹੀਦੇ ਹਨ।

ਇਸ ਤੋਂ ਇਲਾਵਾ, ਜਦੋਂ ਇਹ ਸਬੂਤ ਹੈ ਕਿ ਕੋਈ ਜੁਰਮ ਸੈਕਸ਼ਨ 718.2(ਏ)(i) ਵਿਚ ਦੱਸੇ ਗਏ ਮੁਤਾਬਕ ਪੀੜਿਤ ਵਲ ਪੱਖਪਾਤ, ਤੰਗਦਿਲੀ, ਜਾਂ ਨਫ਼ਰਤ ਤੋਂ ਪ੍ਰੇਰਿਤ ਸੀ ਤਾਂ ਕਰਾਊਨ ਕੌਂਸਲ ਨੂੰ *ਹੇਟ ਕਰਾਇਮਜ਼* (HAT 1) ਨੂੰ ਦੇਖਣਾ ਚਾਹੀਦਾ ਹੈ ਅਤੇ ਅਤੇ ਜੁਰਮ ਨੂੰ ਗੰਭੀਰ ਬਣਾਉਣ ਵਾਲੀਆਂ ਸਾਰੀਆਂ ਢੁਕਵੀਂਆਂ ਹਾਲਤਾਂ 'ਤੇ ਵਿਚਾਰ ਕਰਨੀ ਚਾਹੀਦੀ ਹੈ।

ਜੇ ਪ੍ਰੋਬੇਸ਼ਨ ਜਾਂ ਸ਼ਰਤਾਂ ਨਾਲ ਰਿਹਾਈ ਦਾ ਆਰਡਰ ਢੁਕਵਾਂ ਹੋਵੇ, ਕਰਾਊਨ ਕੌਂਸਲ ਨੂੰ ਅਜਿਹੀਆਂ ਸ਼ਰਤਾਂ ਦੀ ਮੰਗ ਕਰਨੀ ਚਾਹੀਦੀ ਹੈ ਜਿਹੜੀਆਂ ਕਮਜ਼ੋਰ ਪੀੜਿਤ ਜਾਂ ਗਵਾਹ ਦੀ ਰਾਖੀ ਕਰਨਗੀਆਂ। ਇਨ੍ਹਾਂ ਵਿਚ "ਕੋਈ ਸੰਪਰਕ ਨਹੀਂ" ਅਤੇ ਰਿਪੋਰਟ ਕਰਨ ਦੀਆਂ ਸ਼ਰਤਾਂ ਸ਼ਾਮਲ ਹੋ ਸਕਦੀਆਂ ਹਨ, ਅਤੇ ਇਸ ਦੇ ਨਾਲ ਨਾਲ ਇਲਾਜ ਦੇ ਢੁਕਵੇਂ ਪ੍ਰੋਗਰਾਮ ਨੂੰ ਕਾਮਯਾਬੀ ਨਾਲ ਪੂਰਾ ਕਰਨ ਦੀ ਸ਼ਰਤ ਵੀ ਸ਼ਾਮਲ ਹੋ ਸਕਦੀ ਹੈ।

ਜੇ ਹਿਰਾਸਤ ਵਾਲੀ ਸਜ਼ਾ ਢੁਕਵੀਂ ਹੋਵੇ, ਕਰਾਊਨ ਕੌਂਸਲ ਨੂੰ ਸੈਕਸ਼ਨ 743.21 ਹੇਠ ਸਜ਼ਾ ਦੇ ਹਿਰਾਸਤ ਵਾਲੇ ਸਮੇਂ ਦੌਰਾਨ ਦੋਸ਼ੀ ਲਈ ਕਮਜ਼ੋਰ ਪੀੜਿਤ ਜਾਂ ਗਵਾਹ ਨਾਲ ਸੰਪਰਕ ਕਰਨ ਤੋਂ ਮਨਾਹੀ ਦਾ ਆਰਡਰ ਲੈਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਕਰਾਊਨ ਕੌਂਸਲ ਨੂੰ ਇਹ ਵਿਚਾਰ ਕਰਨੀ ਚਾਹੀਦੀ ਹੈ ਕਿ ਕੀ *ਕ੍ਰਿਮੀਨਲ ਕੋਡ* ਦੇ ਸੈਕਸ਼ਨ 738 ਜਾਂ 739 ਹੇਠ ਹਰਜਾਨੇ ਦਾ ਆਰਡਰ ਢੁਕਵਾਂ ਹੈ ਜਾਂ ਨਹੀਂ ਅਤੇ ਉਸ ਨੂੰ ਪੀੜਿਤ ਨੂੰ ਇਹ ਮੌਕਾ ਦੇਣ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ ਕਿ ਕੀ ਉਹ ਆਪਣੇ ਘਾਟਿਆਂ ਅਤੇ ਨੁਕਸਾਨਾਂ ਲਈ ਹਰਜਾਨਾ ਮੰਗ ਰਹੇ ਹਨ ਜਾਂ ਨਹੀਂ।

## ਆਦਿਵਾਸੀ ਵਿਅਕਤੀ

ਵੱਖ ਵੱਖ ਸਰਕਾਰੀ ਕਮਿਸ਼ਨਾਂ ਅਤੇ ਰਿਪੋਰਟਾਂ, ਅਤੇ ਇਸ ਦੇ ਨਾਲ ਨਾਲ ਕੈਨੇਡਾ ਦੀ ਸੁਪਰੀਮ ਕੋਰਟ ਦੇ ਫੈਸਲਿਆਂ ਨੇ ਇਹ ਸਵੀਕਾਰ ਕੀਤਾ ਹੈ ਕਿ ਆਦਿਵਾਸੀ ਵਿਅਕਤੀਆਂ (ਫਸਟ ਨੇਸ਼ਨਜ਼, ਮੇਟੀਜ਼ ਅਤੇ ਇਨਊਟ) ਵਲੋਂ ਝੱਲਿਆ ਗਿਆ ਵਿਤਕਰਾ, ਭਾਵੇਂ ਇਹ ਸਪਸ਼ਟ ਤੌਰ 'ਤੇ ਨਸਲੀ ਵਤੀਰਿਆਂ ਜਾਂ ਸਭਿਆਚਾਰਕ ਤੌਰ 'ਤੇ ਅਣਉੱਚਿਤ ਤਰੀਕਿਆਂ ਦਾ ਨਤੀਜਾ ਹੋਵੇ, ਕ੍ਰਿਮੀਨਲ ਜਸਟਿਸ ਸਿਸਟਮ ਦੇ ਸਾਰੇ ਹਿੱਸਿਆਂ ਤੱਕ ਫੈਲਿਆ ਹੋਇਆ ਹੈ।

ਕੈਨੇਡਾ ਵਿਚ ਬਸਤੀਵਾਦ, ਥਾਂ-ਬਦਲੀ ਅਤੇ ਰੈਜ਼ੀਡੈਂਸ਼ਲ ਸਕੂਲਾਂ ਦੇ ਇਤਿਹਾਸ ਦਾ ਮਤਲਬ ਆਦਿਵਾਸੀ ਲੋਕਾਂ ਲਈ ਪੜ੍ਹਾਈ ਵਿਚ ਘੱਟ ਸਫਲਤਾ, ਘੱਟ ਆਮਦਨਾਂ, ਜ਼ਿਆਦਾ ਬੇਰੁਜ਼ਗਾਰੀ, ਨਸ਼ਿਆਂ ਦੀ ਵਰਤੋਂ ਅਤੇ ਖੁਦਕੁਸ਼ੀ ਦੀਆਂ ਜ਼ਿਆਦਾ ਦਰਾਂ ਅਤੇ ਜੇਲ੍ਹ ਜਾਣ ਦੇ ਜ਼ਿਆਦਾ ਪੱਧਰ ਹਨ।[1]

ਇਸ ਦੇ ਨਾਲ ਹੀ, ਆਦਿਵਾਸੀ ਲੋਕਾਂ ਵਿਚ ਜੁਰਮਾਂ ਦਾ ਸ਼ਿਕਾਰ ਹੋਣ ਦੀਆਂ ਦਰਾਂ, ਖਾਸ ਕਰਕੇ ਆਦਿਵਾਸੀ ਔਰਤਾਂ ਅਤੇ ਕੁੜੀਆਂ ਲਈ, ਗੈਰ-ਆਦਿਵਾਸੀ ਲੋਕਾਂ ਲਈ ਦਰਾਂ ਨਾਲੋਂ ਕਿਤੇ ਜ਼ਿਆਦਾ ਹਨ।[2]

ਕੈਨੇਡਾ ਵਿਚ ਆਦਿਵਾਸੀ ਲੋਕਾਂ ਲਈ ਬਸਤੀਵਾਦ ਦੇ ਜਾਰੀ ਰਹਿਣ ਵਾਲੇ ਸਿੱਟੇ ਹਰ ਉਸ ਮਾਮਲੇ ਲਈ ਲੋੜੀਂਦਾ ਸੰਦਰਭ ਪ੍ਰਦਾਨ ਕਰਦੇ ਹਨ ਜਿਸ ਵਿੱਚ ਕੋਈ ਆਦਿਵਾਸੀ ਵਿਅਕਤੀ ਇਕ ਪੀੜਤ ਜਾਂ ਗਵਾਹ ਵਜੋਂ ਸ਼ਾਮਲ ਹੈ। ਇਨ੍ਹਾਂ ਨਤੀਜਿਆਂ ਦਾ "ਆਦਿਵਾਸੀ ਲੋਕਾਂ 'ਤੇ ਅਸਰ ਪਾਉਣ ਵਾਲੇ ਵਿਲੱਖਣ ਸਿਸਟਮਬੱਧ ਅਤੇ ਪਿਛੋਕੜ ਦੇ ਪੱਖਾਂ ਦਾ ਲੇਖਾ ਜੋਖਾ ਕਰਕੇ ਅਤੇ ਇਸ ਦੇ ਨਾਲ ਨਾਲ ਉਨ੍ਹਾਂ ਦੀਆਂ ਬੁਨਿਆਦੀ ਵੱਖਰੀਆਂ ਸਭਿਆਚਾਰਕ ਰਵਾਇਤਾਂ ਅਤੇ ਦੁਨੀਆ ਪ੍ਰਤੀ ਦ੍ਰਿਸ਼ਟੀਕੋਣਾਂ ਨੂੰ ਧਿਆਨ ਵਿਚ ਰੱਖ ਕੇ ਹੱਲ ਕੀਤਾ ਜਾਣਾ ਜ਼ਰੂਰੀ ਹੈ।"[3]

ਕੈਨੇਡਾ ਦੀ ਸੁਪਰੀਪ ਕੋਰਟ ਨੇ ਜਿਵੇਂ ਕਿਹਾ ਹੈ:

*"ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਦਿਵਾਸੀ ਲੋਕਾਂ – ਅਤੇ ਖਾਸ ਕਰਕੇ ਆਦਿਵਾਸੀ ਔਰਤਾਂ, ਕੁੜੀਆਂ ਅਤੇ ਸੈਕਸ ਵਰਕਰਾਂ – ਨਾਲ ਗੰਭੀਰ ਬੇਇਨਸਾਫੀਆਂ ਹੋਈਆਂ ਹਨ, ਜਿਹਨਾਂ ਵਿੱਚ ਔਰਤਾਂ ਵਿਰੁੱਧ ਲਿੰਗਕ ਹਿੰਸਾ ਦੀਆਂ ਉੱਚੀਆਂ ਦਰਾਂ ਵੀ ਸ਼ਾਮਲ ਹਨ... ਸਾਡੇ ਕ੍ਰਿਮੀਨਲ ਜਸਟਿਸ ਸਿਸਟਮ ਅਤੇ ਇਸ ਵਿੱਚ ਸ਼ਾਮਲ ਸਾਰੇ ਲੋਕਾਂ ਨੂੰ ਆਦਿਵਾਸੀ ਲੋਕਾਂ, ਅਤੇ ਖਾਸ ਕਰਕੇ ਆਦਿਵਾਸੀ ਔਰਤਾਂ ਅਤੇ ਸੈਕਸ ਵਰਕਰਾਂ, ਵਿਰੁੱਧ ਹੋਣ ਵਾਲੇ ਸਿਸਟਮਬੱਧ ਪੱਖਪਾਤਾਂ, ਵਿਤਕਰਿਆਂ ਅਤੇ ਪੂਰਵ ਧਾਰਨਾਵਾਂ ਨਾਲ ਸਿੱਧੀ ਤਰ੍ਹਾਂ ਨਿਪਟਣ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ।"*[4]

ਕਰਾਊਨ ਕੌਂਸਲ ਨੂੰ ਸਮਝਣਾ ਚਾਹੀਦਾ ਹੈ ਕਿ ਉਹਨਾਂ ਕੇਸਾਂ ਵਿੱਚ ਮੁਕੱਦਮਾ ਚਲਾਉਣ ਦਾ ਜ਼ੋਰਦਾਰ ਜਨਤਕ ਹਿੱਤ ਹੈ ਜਿਹਨਾਂ ਕੇਸਾਂ ਵਿੱਚ ਆਦਿਵਾਸੀ ਔਰਤਾਂ ਅਤੇ ਕੁੜੀਆਂ ਸ਼ਾਮਲ ਹੋਣ।

1 *R v Ipeelee*, 2012 SCC 13

2 *Victimization of Aboriginal People in Canada, 2014*, Statistics Canada, 2016

3 *Ewert v Canada,* 2018 SCC 30 at para 57 and 58; *R v Barton*, 2019 SCC 33 at paras 198-200

4 *R v Barton*, 2019 SCC 33 at paras 198-200